Alberta

ਨਿਊਜ਼ ਰਿਲੀਜ਼

# ਬਿਜਲੀ ਛੋਟ ਪ੍ਰੋਗਰਾਮ ਦਸੰਬਰ ਤੱਕ ਵਧਾਇਆ ਗਿਆ

6 ਜੁਲਾਈ, 2022

---

ਲਗਭਗ ਦੋ ਮਿਲੀਅਨ ਘਰ, ਫਾਰਮ ਅਤੇ ਕਾਰੋਬਾਰ ਊਰਜਾ ਦੀਆਂ ਵਧਦੀਆਂ ਕੀਮਤਾਂ ਦੇ ਵਿਚਕਾਰ ਉੱਚੇ ਬਿੱਲਾਂ ਨੂੰ ਕਵਰ ਕਰਨ ਵਿੱਚ ਮਦਦ ਕਰਨ ਲਈ ਬਾਕੀ ਦੇ ਸਾਲ ਲਈ ਬਿਜਲੀ ਦੀ ਛੋਟ ਪ੍ਰਾਪਤ ਕਰਨਗੇ।

ਬਿਜਲੀ ਛੋਟ ਪ੍ਰੋਗਰਾਮ ਹੁਣ 2022 ਦੇ ਬਾਕੀ ਸਮੇਂ ਦੌਰਾਨ ਲਗਭਗ $600 ਮਿਲੀਅਨ ਦੀ ਰਾਹਤ ਦੀ ਪੇਸ਼ਕਸ਼ ਕਰੇਗਾ, ਯੋਗ ਅਲਬਰਟਾ ਵਾਸੀਆਂ ਨੂੰ ਲਗਾਤਾਰ ਛੇ ਮਹੀਨਿਆਂ ਲਈ ਮਹੀਨਾਵਾਰ $50 ਬਿਲ ਕ੍ਰੈਡਿਟ ਪ੍ਰਦਾਨ ਕਰਦੇ ਹੋਏ।

1.9 ਮਿਲੀਅਨ ਤੋਂ ਵੱਧ ਘਰ, ਫਾਰਮ ਅਤੇ ਛੋਟੇ ਕਾਰੋਬਾਰ ਇਸ ਮਹੀਨੇ ਤੋਂ ਸ਼ੁਰੂਆਤ ਕਰਕੇ ਦਸੰਬਰ ਦੇ ਅੰਤ ਤੱਕ ਉਨ੍ਹਾਂ ਦੇ ਬਿਜਲੀ ਬਿਲਾਂ ਤੇ $50 ਦਾ ਮਾਸਿਕ ਕਰੈਡਿਟ ਪ੍ਰਾਪਤ ਕਰਨਗੇ, ਜਿਹੜਾ ਕਿ ਕੁੱਲ $300 ਦੀ ਛੋਟ ਹੋਵੇਗੀ।

## ਵਧਾਈ ਗਈ ਬਿਜਲੀ ਛੋਟ

ਜਿਵੇਂ ਕਿ ਰਹਿਣ-ਸਹਿਣ ਦੀ ਲਾਗਤ ਦਾ ਅਲਬਰਟਾ ਵਾਸੀਆਂ ਲਈ ਚੁਣੌਤੀਆਂ ਪੈਦਾ ਕਰਨਾ ਜਾਰੀ ਹੈ, ਸਰਕਾਰ ਹਾਲ ਹੀ ਦੇ ਮਹੀਨਿਆਂ ਦੌਰਾਨ ਬਹੁਤ ਸਾਰੇ ਪਰਿਵਾਰਾਂ ਅਤੇ ਕਾਰੋਬਾਰਾਂ ਨੂੰ ਦਰਪੇਸ਼ ਉੱਚ ਯੁਟਿਲਿਟੀ ਲਾਗਤਾਂ ਨੂੰ ਘਟਾਉਣ ਲਈ ਤਿੰਨ ਮਹੀਨਿਆਂ ਦੇ ਵਾਧੂ ਬਿੱਲ ਕ੍ਰੈਡਿਟ ਪ੍ਰਦਾਨ ਕਰ ਰਹੀ ਹੈ।

ਵਧੀ ਹੋਈ ਬਿਜਲੀ ਛੋਟ ਵਿੱਚ ਮੌਜੂਦਾ ਮਾਪਦੰਡ ਲਾਗੂ ਹੋਣਗੇ:

- ਅਲਬਰਟਾ ਵਾਸੀ, ਜਿਹੜੇ ਇਸ ਵਕਤ ਬਿਜਲੀ ਸਿਸਟਮ ਨਾਲ ਜੁੜੇ ਹਨ, ਅਤੇ ਜਿਨ੍ਹਾਂ ਨੇ ਪਿਛਲੇ ਸਾਲ ਦੌਰਾਨ ਵੱਧ ਤੋਂ ਵੱਧ 250 ਮੈਗਾਵਾਟ ਬਿਜਲੀ ਪ੍ਰਤੀ ਸਾਲ ਖਪਤ ਕੀਤੀ ਹੈ, ਉਹ ਛੋਟਾਂ ਵਾਸਤੇ ਆਪਣੇ ਆਪ ਹੀ ਯੋਗ ਹੋ ਜਾਂਦੇ ਹਨ।
- ਯੋਗ ਅਲਬਰਟਾ ਵਾਸੀ ਉਨ੍ਹਾਂ ਦੇ ਬਿਲਾਂ ਤੇ ਆਪਣੇ ਆਪ $50 ਦੀ ਛੋਟ ਮਿਲਣ ਦੀ ਉਮੀਦ ਕਰ ਸਕਦੇ ਹਨ। ਛੋਟ ਪ੍ਰਾਪਤ ਕਰਨਾ ਸ਼ੁਰੂ ਕਰਨ ਵਾਸਤੇ ਕਿਸੇ ਅਰਜ਼ੀ ਜਾਂ ਹੋਰ ਕਾਰਵਾਈ ਦੀ ਜ਼ਰੂਰਤ ਨਹੀਂ ਹੈ।

ਵਧੀਆਂ ਹੋਈਆਂ ਮਾਸਿਕ ਛੋਟਾਂ ਪੂਰੇ ਬਿੱਲ 'ਤੇ ਲਾਗੂ ਹੋਣਗੀਆਂ, ਨਾ ਕਿ ਸਿਰਫ਼ ਊਰਜਾ ਵਾਲੇ ਹਿੱਸੇ 'ਤੇ। ਇਸ ਤੋਂ ਇਲਾਵਾ, $50 ਦੀਆਂ ਛੋਟਾਂ ਸਾਰੇ ਯੋਗ ਬਿੱਲਾਂ 'ਤੇ ਹੋਣਗੀਆਂ - ਪਰਿਵਰਤਨਸ਼ੀਲ ਨਿਯੰਤ੍ਰਿਤ ਦਰ ਵਿਕਲਪ ਦੇ ਨਾਲ-ਨਾਲ ਪ੍ਰਤੀਯੋਗੀ ਇਕਰਾਰਨਾਮੇ 'ਤੇ ਖਪਤਕਾਰਾਂ ਦੀ ਸੁਰੱਖਿਆ ਕਰਦੇ ਹੋਏ।

ਹਰ ਬਿਲ ਤੇ ਜੁਲਾਈ ਦੀ ਛੋਟ ਇਕ ਲਾਈਨ "GOA Utility Commodity Rebate,” ਰਾਹੀਂ ਦਰਜ ਕੀਤੀ ਜਾਵੇਗੀ, ਅਤੇ $50 ਡਾਲਰ ਦੀ ਇਹ ਛੋਟ ਅਗਸਤ, ਸਤੰਬਰ, ਅਕਤੂਬਰ, ਨਵੰਬਰ ਅਤੇ ਦਸੰਬਰ ਵਿਚ ਜਾਰੀ ਰਹੇਗੀ, ਜਿਹੜੀ ਕਿ ਕੁੱਲ $300 ਬਣੇਗੀ। ਇਸ ਦਾ ਸਹੀ ਸਮਾਂ ਕਿਸੇ ਦੀ ਯੁਟਿਲਿਟੀ ਪ੍ਰਦਾਤਾ ਕੰਪਨੀ ਦੇ ਬਿਲਿੰਗ ਸਾਈਕਲ ਮੁਤਾਬਕ ਵੱਖੋ ਵੱਖਰਾ ਹੋਵੇਗਾ।

## ਅਗਾਮੀ ਕੁਦਰਤੀ ਗੈਸ ਛੋਟ

ਅਲਬਰਟਾ ਦੀ ਸਰਕਾਰ ਅਗਲੇ ਨੌਂ ਮਹੀਨਿਆਂ ਦੌਰਾਨ ਲੱਖਾਂ ਅਲਬਰਟਾ ਵਾਸੀਆਂ ਨੂੰ ਸਥਿਰਤਾ ਪ੍ਰਦਾਨ ਕਰਦੇ ਹੋਏ ਇਹ ਯਕੀਨੀ ਬਣਾਉਣ ਲਈ ਦੋ ਪ੍ਰੋਗਰਾਮਾਂ ਨੂੰ ਲਾਗੂ ਕਰ ਰਹੀ ਹੈ ਕਿ ਸਹੂਲਤਾਂ ਕਿਫ਼ਾਇਤੀ ਰਹਿਣ।

ਬਿਜਲੀ ਛੋਟ ਦੇ ਨਾਲ, ਕੁਦਰਤੀ ਗੈਸ ਤੇ ਮਿਲਣ ਵਾਲੀ ਛੋਟ ਕੁਦਰਤੀ ਗੈਸ ਅਤੇ ਹੋਰ ਹੀਟਿੰਗ ਈਂਧਣ ਵਰਤਣ ਵਾਲੇ ਯੋਗ ਅਲਬਰਟਾ ਵਾਸੀਆਂ ਨੂੰ ਕੀਮਤਾਂ ਦੇ ਯੂਰੋਪ-ਸਟਾਈਲ ਵਾਧੇ ਤੋਂ ਸੁਰੱਖਿਆ ਪ੍ਰਦਾਨ ਕਰੇਗੀ।

ਜੁਲਾਈ ਵਿੱਚ ਬਿਜਲੀ ਦੀ ਛੋਟ ਅਤੇ ਅਕਤੂਬਰ ਵਿੱਚ ਕੁਦਰਤੀ ਗੈਸ ਛੋਟ ਸ਼ੁਰੂ ਹੋਣ ਦੇ ਨਾਲ, ਅਲਬਰਟਾ ਸਰਕਾਰ ਲੱਖਾਂ ਅਲਬਰਟਾ ਵਾਸੀਆਂ ਨੂੰ 31 ਮਾਰਚ, 2023 ਤੱਕ ਯੁਟਿਲਿਟੀ ਬਿਲਾਂ ਤੇ ਸਹਾਇਤਾ ਪ੍ਰਦਾਨ ਕਰੇਗੀ, ਜੇ ਕੀਮਤਾਂ ਵਧੀਆਂ ਹੋਈਆਂ ਰਹਿੰਦੀਆਂ ਹਨ।

## ਫਿਕਸਡ ਰੇਟ ਕੰਟਰੈਕਟ ਅਤੇ ਹੋਰ ਵਿਕਲਪ

ਛੋਟਾਂ ਦੇ ਨਾਲ, ਉਹ ਅਲਬਰਟਾ ਵਾਸੀ ਜੋ ਆਪਣੇ ਆਪ ਨੂੰ ਕੀਮਤ ਦੀ ਅਸਥਿਰਤਾ ਤੋਂ ਬਚਾਉਣ ਦੀ ਇੱਛਾ ਰੱਖਦੇ ਹਨ, ਇੱਕ ਪ੍ਰਤੀਯੋਗੀ ਫਿਕਸਡ-ਰੇਟ ਇਕਰਾਰਨਾਮੇ ਵਿੱਚ ਦਾਖਲ ਹੋ ਸਕਦੇ ਹਨ। ਇਹ ਦੇਖਣ ਲਈ ਕਿ ਉਹਨਾਂ ਦੇ ਖੇਤਰ ਵਿੱਚ ਕਿਹੜੇ ਉਤਪਾਦ ਉਪਲਬਧ ਹਨ, ਅਲਬਰਟਾ ਵਾਸੀ ਯੁਟਿਲਿਟੀ ਕੰਜ਼ੂਮਰ ਐਡਵੋਕੇਟ 'ਤੇ ਜਾ ਸਕਦੇ ਹਨ।

ਜਿਹੜੇ ਖਪਤਕਾਰਾਂ ਨੂੰ ਇਹ ਲੱਗਦਾ ਹੈ ਕਿ ਉਹ ਯੋਗਤਾ ਮਾਪਦੰਡ ਪੂਰਾ ਕਰਦੇ ਹਨ ਪਰ ਜੁਲਾਈ ਦੇ ਅੰਤ ਤੱਕ ਉਨ੍ਹਾਂ ਨੂੰ ਛੋਟ ਮਿਲਣੀ ਸ਼ੁਰੂ ਨਹੀਂ ਹੋਈ ਹੈ, ਉਨ੍ਹਾਂ ਨੂੰ ਯੁਟਿਲਿਟੀ ਕੰਜ਼ੂਮਰ ਐਡਵੋਕੇਟ ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਮੁੱਖ ਤੱਥ

- ਸਾਰੇ ਯੁਟਿਲਿਟੀ ਖਪਤਾਕਾਰ, ਜਿਹੜੇ ਇਸ ਵਕਤ ਬਿਜਲੀ ਸਿਸਟਮ ਨਾਲ ਜੁੜੇ ਹਨ, ਅਤੇ ਜਿਨ੍ਹਾਂ ਨੇ ਪਿਛਲੇ ਸਾਲ ਦੌਰਾਨ ਵੱਧ ਤੋਂ ਵੱਧ 250 ਮੈਗਾਵਾਟ ਬਿਜਲੀ ਪ੍ਰਤੀ ਸਾਲ ਖਪਤ ਕੀਤੀ ਹੈ, ਉਹ ਛੋਟਾਂ ਵਾਸਤੇ ਆਪਣੇ ਆਪ ਹੀ ਯੋਗ ਹੋ ਜਾਂਦੇ ਹਨ।
- ਖਪਤਕਾਰਾਂ ਨੂੰ ਇਹ ਛੋਟ ਉਨ੍ਹਾਂ ਦੀ ਬਿਜਲੀ ਪ੍ਰਦਾਨ ਕਰਨ ਵਾਲੇ ਯੁਟਿਲਿਟੀ ਪ੍ਰਦਾਤਾ ਤੋਂ ਉਨ੍ਹਾਂ ਦੇ ਬਿਜਲੀ ਦੇ ਬਿਲਾਂ ਤੇ ਕਰੈਡਿਟ ਵਜੋਂ ਮਿਲੇਗੀ।
- ਛੋਟ ਬਿਜਲੀ ਬਿਲਾਂ ਤੇ ਇਕ ਵੱਖਰੀ ਲਾਈਨ “GOA Utility Commodity Rebate” ਦੇ ਤੌਰ ਤੇ ਨਜ਼ਰ ਆਏਗੀ।

- ਖਪਤਕਾਰ ਛੇ ਮਹੀਨਿਆਂ ਤੱਕ ਲਗਾਤਾਰ $50 ਹਰ ਮਹੀਨੇ ਪ੍ਰਾਪਤ ਕਰਨਗੇ, ਅਤੇ ਜ਼ਿਆਦਾਤਰ ਛੋਟਾਂ ਜੁਲਾਈ ਦੇ ਬਿਜਲੀ ਬਿਲਾਂ ਤੇ ਨਜ਼ਰ ਆਉਣੀਆਂ ਸ਼ੁਰੂ ਹੋਣਗੀਆਂ।
- ਜਿਹੜੇ ਖਪਤਕਾਰਾਂ ਨੂੰ ਇਹ ਲੱਗਦਾ ਹੈ ਕਿ ਉਹ ਯੋਗਤਾ ਮਾਪਦੰਡ ਪੂਰਾ ਕਰਦੇ ਹਨ ਪਰ ਜੁਲਾਈ ਦੇ ਅੰਤ ਤੱਕ ਉਨ੍ਹਾਂ ਨੂੰ ਛੋਟ ਨਹੀਂ ਮਿਲੀ, ਉਨ੍ਹਾਂ ਨੂੰ ਸਹਾਇਤਾ ਲਈ ਯੂਟਿਲਿਟੀ ਕੰਜ਼ੂਮਰ ਐਡਵੋਕੇਟ ਨਾਲ 310-4822 ਜਾਂ UCAhelps@gov.ab.ca ਤੇ ਸੰਪਰਕ ਕਰਨਾ ਚਾਹੀਦਾ ਹੈ।

## ਸੰਬੰਧਿਤ ਜਾਣਕਾਰੀ

- ਊਰਜਾ ਪਹੁੰਚਯੋਗਤਾ ਪ੍ਰੋਗਰਾਮ (Energy Affordability Programs)

## ਸੰਬੰਧਿਤ ਖਬਰਾਂ

ਇਲੈਕਟ੍ਰਿਸਿਟੀ ਛੋਟਾਂ ਜੁਲਾਈ ਦੇ ਬਿਲਾਂ (22 ਜੂਨ, 2022) ਤੋਂ ਮਿਲਣ ਲੱਗਣਗੀਆਂ